27/11/18 (E)

Punjabi
Sem I
BCH I
2018

[This question paper contains 2 printed pages.]

**Your Roll No..............**

**Sr. No. of Question Paper : 6948 IC**

Unique Paper Code : 72122803

Name of the Paper : Punjabi (AECC MIL)

Name of the Course : **Punjabi – AEEC – CBCS**

Semester : I

Duration : 3 Hours Maximum Marks : 75

**Instructions for Candidates**

1. Write your Roll No. on the top immediately on receipt of this question paper.

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਨੀਤੀ ਕਥਾ ਅਤੇ ਜਨੌਰ ਕਥਾ ਦੀ ਪਰਿਭਾਸ਼ਾ ਦਿਓ ਅਤੇ ਦੋਨੋ ਕਥਾਵਾਂ ਚੋਂ ਇੱਕ-ਇੱਕ ਕਥਾ ਦਾ ਸਾਰ ਲਿਖੋ। 15

2. ਹੇਠ ਲਿਖੀਆਂ ਕਹਾਣੀਆਂ 'ਚੋਂ ਕਿਸੇ ਇੱਕ ਦਾ ਸਾਰ ਆਪਣੇ ਸ਼ਬਦਾਂ 'ਚ ਲਿਖੋ। 10

ੳ) ਹੱਕ ਨਿਆਂ ਦੀ ਰੋਟੀ

ਅ) ਜਦੋਂ ਕੋਈ ਰੱਜਦਾ ਨਹੀਂ

ੲ) ਵਹੁਟੀ ਕਿਸਦੀ

ਸ) ਮਾਇਆ ਦੇ ਰੂਪ

3. ੳ) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ : 5

ਰੋਗੀ, ਮਾਲੀ, ਨਾਈ, ਖਿਡਾਰੀ, ਸਾਹਿਬ, ਜੇਠ

ਅ) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ : 5

ਕਿਹੜਾ, ਪਿਆਰਾ, ਕਿਰਿਆ, ਵਸਤੂ, ਮਾਂ, ਛਾਂ

4. ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਲਿਖੋ : 10

ੳ) ਜਿਹੜਾ ਬਹੁਤੀ ਵਿੱਦਿਆ ਪੜ੍ਹਿਆ ਹੋਏ

ਅ) ਜਿਸਨੂੰ ਸ਼ਰਾਬ ਪੀਣ ਦੀ ਆਦਤ ਹੋਵੇ

P.T.O.

ੲ) ਉਹ ਜਾਇਦਾਦ ਜਿਹੜੀ ਵਡੇਰਿਆ ਪਾਸੋਂ ਮਿਲੇ

ਸ) ਜਿਸਦੇ ਮਾਪੇ ਮਰ ਗਏ ਹੋਣ

ਹ) ਆਪਣੀ ਮਰਜ਼ੀ ਕਰਨ ਵਾਲਾ

ਕ) ਜਿਹੜਾ ਬੱਚਾ ਸਭ ਤੋਂ ਪਹਿਲਾਂ ਜਨਮੇ

ਖ) ਜਿਸ ਨੂੰ ਕੰਨੋਂ ਨਾ ਸੁਣਦਾ ਹੋਵੇ

ਗ) ਜਿਹੜਾ ਦਿਨ ਦਿਹਾੜੇ ਲੁੱਟੇ

ਘ) ਉਹ ਆਦਮੀ ਜੋ ਹੱਥਾਂ ਨਾਲ ਮੂਰਤਾਂ ਬਣਾਏ

ਙ) ਜਿਹੜਾ ਕਦੀ ਨਾ ਥੱਕੇ

ਚ) ਜਿਹੜਾ ਰੱਬ ਨੂੰ ਨਾ ਮੰਨੇ

5. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ : 10

ਜ਼ਨਾਨੀ ਮਰਦ ਨੂੰ ਮਾਸ ਦਾ ਸੁਹਣਾ ਬੁੱਤ ਸਮਝ ਕੇ ਨਾ ਪਿਆਰੇ ਤੇ ਨਾ ਮਰਦ ਜ਼ਨਾਨੀ ਨੂੰ ਮਾਸ ਦਾ ਸੁਹਣਾ ਬੁੱਤ ਸਮਝ ਕੇ ਪਿਆਰੇ, ਕਿਉਂਕਿ ਪਿਆਰ ਦੀ ਤੀਬਰਤਾ ਤਾਂ ਸੁਹਣੇ-ਕੋਝੇ ਨੂੰ ਕਿੱਥੇ ਦੇਖਦੀ ਹੈ ? ਰੱਬ ਦੀਆਂ ਬਣਾਈਆਂ ਬਣਤਾਂ ਹਨ, ਜੋ ਸੰਜੋਗਾਂ-ਸੇਤੀਂ ਮਿਲ ਗਿਆ, ਰੱਬ ਨੇ ਮਿਲਾਇਆ ਹੈ, ਤੇ ਸਾਥੀ ਚੰਮ ਖੁਸ਼ੀ ਦਾ ਨਾ ਹੋਵੇ, ਸਾਥੀ ਇਕ ਦੂਜੇ ਦੇਂ ਦੁੱਖ ਦਾ ਹੋਵੇ। ਜ਼ਿੰਦਗੀ ਇਕ ਸਾਂਝਾ ਦੁੱਖ ਤੇ ਦਰਦ ਹੈ ਤੇ ਉਸ ਦਰਦ ਵਿਚ ਇਕ ਖਤਰਾ ਹੈ, ਇਕ ਦੂਜੇ ਦੀ ਬਾਂਹ ਫੜਨੀ ਹੈ ਇਸ ਦਰਦ ਵਿਚ ਇਕ ਦੂਜੇ ਪਾਸੋਂ ਸਾਨੂੰ ਸੁਖ ਦੀ ਕੀ ਆਸ ਹੋ ਸਕਦੀ ਹੈ ? ਮਿਲ ਬੈਠਣ ਦੀ ਘੜੀ ਖੁਸ਼ੀ ਇਕ ਅਚੰਭਾ ਹੈ ਇਥੇ ਤਾਂ ਦਰਦ ਪੀਣ, ਦੁੱਖ ਸਹਿਣ ਤੇ ਇਕ ਦੂਜੇ ਦੀ ਬਾਂਹ ਪਕੜਨਾ ਹੀ ਸੱਚ ਹੈ, ਚੰਮ ਖੁਸ਼ੀਆਂ ਤਾਂ ਕੂੜ ਹਨ।

6. ਹੇਠ ਲਿਖੇ ਸ਼ਬਦਾਂ ਨੂੰ ਪੰਜਾਬੀ ਵਿਚ ਅਨੁਵਾਦ ਕਰੋ : 10

Comedy, Comparative, Complex, Dance-Drama, Essence, Epic, Fiction, Object, Vowel, Consonant, Context

7. ਹੇਠ ਦਿੱਤੇ ਅਗੇਤਰ ਲਾ ਕੇ ਤਿੰਨ-ਤਿੰਨ ਸ਼ਬਦ ਬਣਾਓ : 5

ੳ) ਦੁਰ

ਅ) ਉਪ

ੲ) ਅੱਧ

ਹੇਠ ਦਿੱਤੇ ਪਿਛੇਤਰ ਲਾ ਕੇ ਤਿੰਨ-ਤਿੰਨ ਸ਼ਬਦ ਬਣਾਓ : 5

ੳ) ਹੀਣ

ਅ) ਈਨ

ੲ) ਵਾਲ